ਪੰਜਾਬ ਸਰਕਾਰ

ਟਰਾਂਸਪੋਰਟ ਵਿਭਾਗ

(ਟਰਾਂਸਪੋਰਟ-2 ਸ਼ਾਖਾ)

## ਹੁਕਮ

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਨਵੀਂ ਦਿੱਲੀ ਵੱਲੋਂ ਮੋਟਰ ਗੱਡੀਆਂ ਦੇ ਡੀਲਰ ਪੱਧਰ ਤੇ ਸੇਲ ਕੀਤੀ ਜਾਂਦੀ ਨਵੀਂ ਗੱਡੀ ਨੂੰ ਬਿਨਾਂ ਹਾਈ ਸਿਕਿਉਰਿਟੀ ਰਜਿਸਟ੍ਰੇਸ਼ਨ ਪਲੇਟਾਂ ਲਗਾਏ ਡਲੀਵਰ ਨਾ ਕੀਤੇ ਜਾਣ ਦੇ ਕੀਤੇ ਹੁਕਮਾਂ ਸਨਮੁੱਖ ਵਿਭਾਗ ਵੱਲੋਂ ਮੋਟਰ ਗੱਡੀਆਂ ਨੂੰ ਟੈਂਪਰੇਰੀ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਰੀ ਦੇਣ ਦੀ ਥਾਂ ਪ੍ਰੋਵੀਜਨਲ ਆਰ.ਸੀ. ਜਾਰੀ ਕਰਨ ਦਾ ਫੈਸਲਾ ਲਿਆ ਗਿਆ ਹੈ। ਜਿਸ ਸਬੰਧੀ ਹੇਠ ਲਿਖੇ ਅਨੁਸਾਰ ਸਮੂਹ ਜਿਲਾ ਟਰਾਂਸਪੋਰਟ ਅਫਸਰਜ ਨੂੰ ਗਾਇਡਲਾਇਨਜ ਜਾਰੀ ਕੀਤੀਆ ਜਾਂਦੀਆਂ ਹਨ :-

1. ਨਾਨ ਟਰਾਂਸਪੋਰਟ ਮੋਟਰ ਗੱਡੀਆਂ ਦੇ ਮੋਟਰ ਗੱਡੀ ਡੀਲਰਾਂ ਦੁਆਰਾ ਗੱਡੀ ਦੀ ਸੇਲ ਕਰਦੇ ਸਮੇਂ ਬਿਨੈਕਾਰ ਨੂੰ ਟੈਂਪਰੇਰੀ ਆਰ.ਸੀ.ਜਾਰੀ ਨਹੀਂ ਕੀਤੀ ਜਾਵੇਗੀ ਸਗੋਂ ਡੀਲਰ ਦੁਆਰਾ ਆਨਲਾਇਨ ਸਿਸਟਮ ਰਾਂਹੀ ਜੋ ਰੈਗੂਲਰ ਰਜਿਸਟ੍ਰੇਸ਼ਨ ਨੰਬਰ ਗੱਡੀ ਦੇ ਖਰੀਦਦਾਰ ਨੂੰ ਜਾਰੀ ਕੀਤਾ ਜਾਂਦਾ ਹੈ, ਉਸੇ ਰੈਗੂਲਰ ਨੰਬਰ ਲਈ ਪ੍ਰੋਵੀਜਨਲ ਆਰ.ਸੀ. ਜਾਰੀ ਕੀਤੀ ਜਾਵੇਗੀ। (ਜਿਸ ਦਾ ਨਮੂਨਾ ਨਾਲ ਨੱਥੀ ਕੀਤਾ ਗਿਆ ਹੈ)।

2. ਟੈਂਪਰੇਰੀ ਆਰ.ਸੀ.ਸਿਰਫ ਦੂਜੇ ਰਾਜਾਂ ਦੇ ਵਸਨੀਕਾਂ ਨੂੰ ਜੋ ਪੰਜਾਬ ਰਾਜ ਵਿੱਚੋਂ ਗੱਡੀ ਦੀ ਖਰੀਦ ਕਰਨਗੇ ਉਹਨਾਂ ਨੂੰ ਹੀ ਜਾਰੀ ਕੀਤੀ ਜਾਵੇਗੀ।

3. ਕਮਰਸ਼ੀਅਲ ਗੱਡੀਆਂ/ਟਰਾਂਸਪੋਰਟ ਗੱਡੀਆਂ ਦੀ ਸੇਲ ਕਰਦੇ ਸਮੇਂ ਸਬੰਧਤ ਡੀਲਰ ਦੁਆਰਾ ਉਸ ਗੱਡੀ ਲਈ ਟੈਂਪਰੇਰੀ ਆਰ.ਸੀ.ਜਾਰੀ ਕੀਤੀ ਜਾਵੇਗੀ।

4. ਪ੍ਰੋਵੀਜਨਲ ਆਰ.ਸੀ.ਦੀ ਮਿਆਦ 30 ਦਿਨਾਂ ਦੀ ਹੋਵੇਗੀ ਅਤੇ ਪ੍ਰੋਵੀਜਨਲ ਆਰ.ਸੀ. ਦੀ ਫੀਸ ਟੈਂਪਰੇਰੀ ਆਰ.ਸੀ. ਦੀ ਤਰਾਂ ਰੈਗੂਲਰ ਆਰ.ਸੀ. ਤੋਂ ਅੱਧੀ ਫੀਸ ਅਦਾ ਕਰਨੀ ਹੋਵੇਗੀ।

5. ਪ੍ਰੋਵੀਜਨਲ ਆਰ.ਸੀ. ਜਾਰੀ ਕਰਨ ਤੋਂ ਬਾਦ ਆਨਲਾਇਨ ਪੋਰਟਲ ਤੋਂ ਪ੍ਰੋਵੀਜਨਲ ਆਰ.ਸੀ. ਨਾਲ ਸਬੰਧਤ ਵੇਰਵਾ ਐਸ.ਐਮ.ਐਸ. ਰਾਂਹੀ ਮੈਸ: ਐਗਰੋਸ ਇਮਪੈਕਸ ਨੂੰ ਉਸ ਮੋਟਰ ਗੱਡੀ ਦੀ ਹਾਈ ਸਿਕਿਉਰਿਟੀ ਰਜਿਸਟ੍ਰੇਸ਼ਨ ਪਲੇਟ ਤਿਆਰ ਕਰਨ ਲਈ ਭੇਜਿਆ ਜਾਵੇਗਾ ਤਾਂ ਜੋ ਨਿਯਮਤ ਸਮੇਂ ਅੰਦਰ ਉਸ ਗੱਡੀ ਦੀ ਐਚ.ਐਸ.ਆਰ.ਪੀ. ਲਗਾਈ ਜਾ ਸਕੇ।

6. ਜੇਕਰ ਕਿਸੇ ਮੋਟਰ ਗੱਡੀ ਮਾਲਕ ਦੁਆਰਾ ਫੈਨਸੀ ਰਜਿਸਟ੍ਰੇਸ਼ਨ ਨੰਬਰ ਲੈਣਾ ਹੋਵੇ ਤਾਂ ਉਹ ਆਪਣਾ ਫੈਨਸੀ ਰਜਿਸਟ੍ਰੇਸ਼ਨ ਨੰਬਰ ਗੱਡੀ ਖਰੀਦਣ ਤੋਂ ਪਹਿਲਾਂ ਅਲਾਟ ਕਰਵਾਏਗਾ ਅਤੇ ਉਸ ਫੈਨਸੀ ਰਜਿਸਟ੍ਰੇਸ਼ਨ ਨੰਬਰ ਦੀ ਪ੍ਰੋਵੀਜਨਲ ਆਰ.ਸੀ.ਜਾਰੀ ਕਰਨ ਲਈ ਸਬੰਧਤ ਡੀ.ਟੀ.ਓ. ਦਾ ਅਥਾਰਿਟੀ ਪੱਤਰ ਪੇਸ਼ ਕਰੇਗਾ। ਉਸ ਅਥਾਰਿਟੀ ਪੱਤਰ ਦੇ ਅਧਾਰ ਤੇ ਸਬੰਧਤ ਮੋਟਰ ਗੱਡੀ ਡੀਲਰ ਪ੍ਰੋਵੀਜਨਲ ਆਰ.ਸੀ.ਜਾਰੀ ਕਰੇਗਾ।

7. ਜੇਕਰ ਕਿਸੇ ਮੋਟਰ ਗੱਡੀ ਮਾਲਕ ਦੁਆਰਾ ਆਪਣੀ ਨਵੀਂ ਖਰੀਦ ਕੀਤੀ ਜਾਣ ਵਾਲੀ ਗੱਡੀ ਤੇ ਆਪਣੀ ਪਹਿਲੀ ਗੱਡੀ ਵਾਲਾ ਰਜਿਸਟ੍ਰੇਸ਼ਨ ਨੰਬਰ ਰੀਟੇਨ ਕਰਵਾਇਆ ਜਾਣਾ ਹੈ ਤਾਂ ਉਹ ਵਿਅਕਤੀ ਪਹਿਲਾਂ ਸਬੰਧਤ ਡੀ.ਟੀ.ਓ.ਦਫਤਰ ਪਾਸੋਂ ਉਸ ਦੀ ਪ੍ਰਵਾਨਗੀ ਲੈਕੇ ਮੋਟਰ ਗੱਡੀ ਡੀਲਰ ਨੂੰ ਦੇਵੇਗਾ। ਨਵੀਂ ਖਰੀਦ ਕੀਤੀ ਜਾਣ ਵਾਲੀ ਮੋਟਰ ਗੱਡੀ ਲਈ ਮੋਟਰ ਗੱਡੀ ਡੀਲਰ ਉਸੇ ਰੀਟੇਨ ਕੀਤੇ ਜਾਣ ਵਾਲੇ ਰਜਿਸਟ੍ਰੇਸ਼ਨ ਨੰਬਰ ਦੀ ਪ੍ਰੋਵੀਜਨਲ ਆਰ.ਸੀ. ਜਾਰੀ ਕਰੇਗਾ ਜਿਸ ਦੀ ਪ੍ਰਵਾਨਗੀ ਸਬੰਧਤ ਡੀ.ਟੀ.ਓ. ਦੁਆਰਾ ਦਿੱਤੀ ਗਈ ਹੋਵੇਗੀ।

8. ਪੁਰਾਣਾ ਰਜਿਸਟ੍ਰੇਸ਼ਨ ਨੰਬਰ ਰੀਟੇਨ ਕਰਨ ਵਾਲੇ ਕੇਸ ਵਿੱਚ ਪੁਰਾਣੀ ਗੱਡੀ ਤੇ ਰਜਿਸਟ੍ਰੇਸ਼ਨ ਨੰਬਰ ਸਬੰਧਤ ਡੀ.ਟੀ.ਓ. ਦੁਆਰਾ ਦਫਤਰ ਕੋਲ ਚੱਲ ਰਹੀ ਰਜਿਸਟ੍ਰੇਸ਼ਨ ਸੀਰੀਜ਼ ਵਿੱਚੋਂ ਲਗਾਇਆ ਜਾਵੇਗਾ।

ਚਲਦਾ ਪੰਨਾ....

9. ਪੁਰਾਣੀ ਗੱਡੀ ਤੇ ਲੱਗੀ ਹਾਈ ਸਿਕਿਉਰਿਟੀ ਰਜਿਸਟ੍ਰੇਸ਼ਨ ਪਲੇਟ ਸਰੰਡਰ ਕੀਤੀ ਜਾਵੇਗੀ ਅਤੇ ਦੋਵੇਂ ਗੱਡੀਆਂ ਤੇ ਨਵੀਆਂ ਹਾਈ ਸਿਕਿਉਰਿਟੀ ਰਜਿਸਟ੍ਰੇਸ਼ਨ ਪਲੇਟਾਂ ਲਗਵਾਈਆਂ ਜਾਣਗੀਆਂ ਜਿਸ ਦੀ ਸੂਚਨਾ ਸਬੰਧਤ ਡੀ.ਟੀ.ਓ. ਦਫਤਰ ਨੂੰ ਵੀ ਦਿੱਤੀ ਜਾਵੇਗੀ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ: 27-11-2014
ਚੰਡੀਗੜ੍ਹ

ਅਨੁਰਾਗ ਅਗਰਵਾਲ
ਸਕੱਤਰ ਪੰਜਾਬ ਸਰਕਾਰ,
ਟਰਾਂਸਪੋਰਟ ਵਿਭਾਗ।

ਪਿੱਠ ਅੰਕਣ ਨੰਬਰ: ਈ287/4ਟੀ2/2014/357247/1-9 ਮਿਤੀ: 02/12/14

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ।
2. ਸਮੂਹ ਜਿਲਾ ਟਰਾਂਸਪੋਰਟ ਅਫਸਰਜ (ਪੰਜਾਬ ਰਾਜ ਵਿੱਚ)

ਸੁਪਰਡੰਟ

# ਦਫਤਰ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ,ਚੰਡੀਗੜ੍ਹ।

ਪਿੱਠਅੰਕਣ ਨੰਬਰ:ਸਟਕ-ਪੀ(ਪੀ2)/ ਮਿਤੀ:

ਪੰਜਾਬ ਸਰਕਾਰ, ਟਰਾਂਸਪੋਰਟ ਵਿਭਾਗ, ਟਰਾਂਸਪੋਰਟ-2 ਸ਼ਾਖਾ, ਚੰਡੀਗੜ੍ਹ ਦੁਆਰਾ ਪ੍ਰੋਵੀਜਨਲ ਆਰ.ਸੀ.ਜਾਰੀ ਕਰਨ ਸਬੰਧੀ ਜਾਰੀ ਕੀਤੇ ਹੁਕਮ ਪਿੱਠ ਅੰਕਣ ਨੰਬਰ ਈ-287/4ਟੀ2/2014/ 357247/1-9 ਮਿਤੀ 02/12/2014 ਦਾ ਉਤਾਰਾ ਸਮੂਹ ਜਿਲਾ ਟਰਾਂਸਪੋਰਟ ਅਫਸਰਜ (ਪੰਜਾਬ ਰਾਜ ਵਿੱਚ) ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਹਨਾਂ ਹੁਕਮਾਂ ਦੀ ਇੰਨਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਵਾ:ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।